# Visit of Secretary (Economic Relations) to Addis Ababa, Ethiopia (October 04, 2022)

October 06, 2022

............................

## ਸਕੱਤਰ (ਆਰਥਿਕ ਸਬੰਧ)  ਵੱਲੋਂ ਅਦੀਸ ਅਬਾਬਾ (ਇਥੋਪੀਆ0 ਦਾ ਦੌਰਾ (4 ਅਕਤੂਬਰ, 2022)

## 6 ਅਕਤੂਬਰ, 2022

1. ਵਿਦੇਸ਼ ਮੰਤਰਾਲੇ ਵਿੱਚ ਸਕੱਤਰ (ਆਰਥਿਕ ਸਬੰਧ)  ਸ਼੍ਰੀ ਦਮੂ ਰਵੀ ਨੇ ਅਫਰੀਕਨ ਯੂਨੀਅਨ (AU) ਨਾਲ ਸਲਾਹ-ਮਸ਼ਵਰੇ ਅਤੇ ਇਥੋਪੀਆ ਸਰਕਾਰ ਨਾਲ ਮੀਟਿੰਗ ਕਰਨ ਲਈ 4 ਅਕਤੂਬਰ, 2022 ਨੂੰ ਇਥੋਪੀਆ ਦਾ ਦੌਰਾ ਕੀਤਾ। ਉਨ੍ਹਾਂ ਦੇ ਨਾਲ ਸਾਂਝਾ ਸਕੱਤਰ (E & SA) ਸ਼੍ਰੀ ਪੁਨੀਤ ਆਰ.  ਕੁੰਡਲ ਵੀ ਸਨ।

2. ਇਸ ਦੌਰੇ ਦੌਰਾਨ ਸਕੱਤਰ (ER) ਨੇ ਅਫਰੀਕਨ ਯੂਨੀਅਨ ਨਾਲ ਭਾਰਤ ਦੀ ਸ਼ਮੂਲੀਅਤ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਅਫਰੀਕਨ ਯੂਨੀਅਨ ਦੇ ਡਿਪਟੀ ਚੇਅਰਪਰਸਨ ਡਾ.  ਮੋਨਿਕ ਨਸਾਨਜ਼ਾਬਾਗਨਵਾ ਨਾਲ ਮੁਲਾਕਾਤ ਕੀਤੀ। ਵਿਚਾਰ-ਵਟਾਂਦਰੇ ਵਿੱਚ ਭਾਰਤ-ਅਫਰੀਕਾ ਫੋਰਮ ਸਮਿਟ (IAFS) ਦਾ ਅਗਲੇ ਗੇੜ ਕਰਾਉਣ ਦੀ ਸੰਭਾਵਨਾ ਸਮੇਤ ਅਫਰੀਕਨ ਯੂਨੀਅਨ ਨਾਲ ਭਾਰਤ ਦੇ ਸਹਿਯੋਗ ਨਾਲ ਸਬੰਧਤ ਮੁੱਦੇ ਸ਼ਾਮਲ ਸਨ। ਦੋਵੇਂ ਧਿਰਾਂ IAFS ਕਰਾਏ ਜਾਣ ਸਬੰਧੀ ਵਿਚਾਰ-ਵਟਾਂਦਰੇ ਨੂੰ ਅੱਗੇ ਵਧਾਉਣ ਲਈ ਸੰਪਰਕ ਬਣਾਏ ਰੱਖਣ ਉੱਤੇ ਸਹਿਮਤ ਹੋਈਆਂ। ਦੋਵਾਂ ਧਿਰਾਂ ਨੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਬਹੁਪੱਖੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰਾ ਕੀਤਾ। ਵਿਚਾਰ-ਵਟਾਂਦਰੇ ਵਿੱਚ ਵਪਾਰ, ਨਿਵੇਸ਼, ਵਿਕਾਸ ਭਾਈਵਾਲੀ ਪ੍ਰੋਗਰਾਮ, ਸਮਰੱਥਾ ਨਿਰਮਾਣ ਅਤੇ ਸਿਖਲਾਈ ਸਮੇਤ ਅਫਰੀਕਾ ਨਾਲ ਭਾਰਤ ਦੇ ਸਬੰਧਾਂ ਦੇ ਵੱਖ-ਵੱਖ ਪਹਿਲੂ ਵੀ ਸ਼ਾਮਲ ਸਨ।

3. ਦੌਰੇ ਦੌਰਾਨ ਸਕੱਤਰ (ER) ਨੇ ਫੈਡਰਲ ਡੈਮੋਕਰੇਟਿਕ ਰੀਪਬਲਿਕ ਆਫ ਇਥੋਪੀਆ ਦੇ ਵਿਦੇਸ਼ ਰਾਜ ਮੰਤਰੀ ਮਹਾਮਹਿਮ ਰਾਜਦੂਤ ਟੇਸਫਾਏ ਯਿਲਮਾ ਭਾਰਤ-ਇਥੋਪੀਆ ਦੁਵੱਲੇ ਸਬੰਧਾਂ ਵਿੱਚ ਵੱਖ-ਵੱਖ ਘਟਨਾਕ੍ਰਮ ਬਾਰੇ ਚਰਚਾ ਕਰਨਗੇ, ਜਿਸ ਵਿੱਚ ਰਾਜਨੀਤਿਕ ਵਟਾਂਦਰੇ, ਵਿਕਾਸ ਸਹਿਯੋਗ, ਸਿਖਲਾਈ ਅਤੇ ਸਮਰੱਥਾ ਨਿਰਮਾਣ ਸ਼ਾਮਲ ਹਨ।

4. ਸਕੱਤਰ (ER) ਨੇ ਅਦੀਸ ਅਬਾਬਾ ਵਿੱਚ ਭਾਰਤੀ ਦੂਤਾਵਾਸ ਦੁਆਰਾ ਕਰਾਏ ਗਏ ਭਾਰਤੀ ਵਪਾਰਕ ਭਾਈਚਾਰੇ ਦੇ ਇਕੱਠ ਨੂੰ ਵੀ ਸੰਬੋਧਨ ਕੀਤਾ। ਇਸ ਸਮਾਗਮ ਵਿੱਚ 100 ਤੋਂ ਵੱਧ ਕਾਰੋਬਾਰੀਆਂ ਨੇ ਸ਼ਿਰਕਤ ਕੀਤੀ।

ਨਵੀਂ ਦਿੱਲੀ

6 ਅਕਤੂਬਰ, 2022

DISCLAIMER: This is an approximate translation. The original is available in English on MEA’s website and may be referred to as the official press release.